# ਬਾਗਬਾਨੀ ਫ਼ਸਲਾਂ ਲਈ ਏਕੀਕ੍ਰਿਤ ਵਾਢੀ ਤੋਂ ਬਾਅਦ ਪ੍ਰਬੰਧਨ ਪ੍ਰਾਜੈਕਟਾਂ ਲਈ 35% ਸਬਸਿਡੀ ਸੁਲੱਭ

ਵਪਾਰਕ ਬਾਗਬਾਨੀ ਨੂੰ ਹੁਲਾਰਾ ਦੇਣ ਲਈ, ਭਾਰਤ ਸਰਕਾਰ ਦਾ ਰਾਸ਼ਟਰੀ ਬਾਗਬਾਨੀ ਬੋਰਡ (ਐਨ ਐਚ ਬੀ) ਯੋਗ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਵਾਢੀ ਤੋਂ ਬਾਅਦ ਪ੍ਰਬੰਧਨ ਸਮੇਤ ਵੱਖ-ਵੱਖ ਯੋਜਨਾਵਾਂ ਚਲਾ ਰਿਹਾ ਹੈ। ਬੋਰਡ ਭਾਗ ਸ਼ੈਲੀ ਅਤੇ ਸਟੈਂਡਅਲੋਨ ਪ੍ਰਾਜੈਕਟਾਂ, ਦੋਵਾਂ, ਵਿੱਚ ਬਾਗਬਾਨੀ ਫ਼ਸਲਾਂ ਲਈ ਪ੍ਰਵਾਨਤ ਏਕੀਕ੍ਰਿਤ ਪੋਸਟ-ਹਾਰਵੈਸਟ ਪ੍ਰਬੰਧਨ ਪ੍ਰਾਜੈਕਟਾਂ 'ਤੇ ਸਬਸਿਡੀ ਦੀ ਪ੍ਰਦਾਨ ਕਰ ਰਿਹਾ ਹੈ।

ਐਨ ਐਚ ਬੀ ਪੈਕ ਹਾਊਸ, ਰਾਇਪਨਿੰਗ ਚੈਂਬਰ, ਰੈਫ੍ਰਿਜਰੇਟਿਡ ਵੈਨ, ਪਰਚੂਨ ਦੁਕਾਨ, ਪ੍ਰੀ-ਕੂਲਿੰਗ ਇਕਾਈ ਅਤੇ ਮੁੱਢਲੀ ਪ੍ਰੋਸੈਸਿੰਗ ਆਦਿ ਨਾਲ ਸਬੰਧਤ ਏਕੀਕ੍ਰਿਤ ਪੋਸਟ-ਹਾਰਵੈਸਟ ਪ੍ਰਬੰਧਨ ਪ੍ਰਾਜੈਕਟ ਚਲਾ ਰਿਹਾ ਹੈ। ਮੁੱਢਲੀ ਪ੍ਰੋਸੈਸਿੰਗ ਦੇ ਮਾਮਲੇ ਵਿੱਚ ਸਬਸਿਡੀ ਲਈ ਯੋਗ ਫਸਲਾਂ ਫਲ, ਸਬਜ਼ੀਆਂ, ਫੁੱਲ, ਮਹਿਕਦਾਰ ਪੌਦੇ ਅਤੇ ਕਾਜੂ ਹਨ।

**ਸਹਾਇਤਾ ਦੀ ਸ਼ੈਲੀ:** 1.45 ਕਰੋੜ ਰੁਪਏ ਤੱਕ ਦੀ ਲਾਗਤ ਵਾਲੇ ਪ੍ਰਾਜੈਕਟ ਲਈ ਕ੍ਰੈਡਿਟ-ਲਿੰਕਡ ਬੈਕ-ਐਂਡ ਸਬਸਿਡੀ ਆਮ ਖੇਤਰਾਂ ਵਿੱਚ ਪ੍ਰਤੀ ਪ੍ਰਾਜੈਕਟ ਦੀ ਕੁੱਲ ਲਾਗਤ ਦਾ 35% ਜਾਂ 50.75 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤੱਕ ਸੀਮਤ ਹੈ। ਉੱਤਰ-ਪੂਰਬੀ ਖੇਤਰ, ਪਹਾੜੀ ਰਾਜਾਂ ਅਤੇ ਅਨੁਸੂਚਿਤ ਖੇਤਰਾਂ ਲਈ ਸਬਸਿਡੀ ਪ੍ਰਾਜੈਕਟ ਲਾਗਤ ਦਾ 50% ਜਾਂ 72.50 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤਕ ਸੀਮਤ ਹੈ। ਲਾਭਪਾਤਰੀਆਂ ਨੂੰ ਮਨੋਨੀਤ ਬੈਂਕਾਂ ਤੋਂ ਕਰਜ਼ਾ ਲੈਣ ਤੋਂ ਬਾਅਦ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

## ਵਿੱਤੀ ਸਹਾਇਤਾ ਲਈ ਯੋਗਤਾ

ਨਿਜੀ ਵਿਅਕਤੀ, ਕਿਸਾਨ ਉਤਪਾਦਕ/ਖਪਤਕਾਰ ਸਮੂਹ, ਕਿਸਾਨ ਉਤਪਾਦਕ ਸੰਸਥਾਵਾਂ (ਐ ਪੀ ਓ), ਭਾਈਵਾਲੀ/ਮਾਲਕੀਅਤ ਫਰਮਾਂ, ਸਵੈ-ਸਹਾਇਤਾ ਸਮੂਹ (ਐਸ ਐਚ ਜੀ), ਗੈਰ-ਸਰਕਾਰੀ ਸੰਸਥਾਵਾਂ, ਕੰਪਨੀਆਂ, ਕਾਰਪੋਰੇਸ਼ਨਾਂ, ਸਹਿਕਾਰੀ, ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨਾਂ, ਖੇਤੀਬਾੜੀ ਉਤਪਾਦ ਮਾਰਕੀਟਿੰਗ ਕਮੇਟੀਆਂ, ਮਾਰਕੀਟਿੰਗ ਬੋਰਡ/ਕਮੇਟੀਆਂ, ਮਿਉਂਸਪਲ ਕਾਰਪੋਰੇਸ਼ਨਾਂ/ਕਮੇਟੀਆਂ, ਖੇਤੀ-ਉਦਯੋਗ ਇਕਾਈਆਂ, ਰਾਜ ਖੇਤੀਬਾੜੀ ਯੂਨੀਵਰਸਿਟੀਆਂ (ਐਸ ਏ ਯੂ) ਅਤੇ ਹੋਰ ਸਬੰਧਤ ਖੋਜ ਅਤੇ ਵਿਕਾਸ ਸੰਸਥਾਵਾਂ ਇਸ ਯੋਜਨਾ ਤਹਿਤ ਵਿੱਤੀ ਸਹਾਇਤਾ ਦੇ ਯੋਗ ਹਨ।

ਯੋਜਨਾ ਅਤੇ ਯੋਗਤਾ ਲਈ ਲਾਗਤ ਮਾਪਦੰਡਾਂ ਬਾਰੇ ਵੇਰਵੇ ਐਨ ਐਚ ਬੀ ਦੀ ਵੈੱਬਸਾਈਟ http://www.nhb.gov.in 'ਤੇ ਦਿੱਤੇ ਗਏ ਹਨ।